[redacted]

3-2110 **ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)** 8481/NH

Sem - III

[redacted]

ਬਾਹਰੀ ਪ੍ਰੀਖਿਆ : 75 ਅੰਕ
ਸਮਾਂ: ਤਿੰਨ ਘੰਟੇ

## ਭਾਗ -ੳ

1. ਕੋਈ ਦੋ ਕਾਵਿਤਾਵਾਂ ਦਾ ਸਾਰ ਲਿਖੋ।

ਅੱਜ ਆਖਾ ਵਾਰਸ਼ ਸ਼ਾਹ ਨੂੰ, ਮੇਲੇ ਵਿਚ ਜੱਟ, ਤਾਜ ਮਹੱਲ, ਅਸੀਂ ਲੜਾਂਗੇ ਸਾਥੀ , ਕਚ-ਸੂਤਕ

ਅੰਕ=2×5=10

2. ਕਿਸੇ ਇਕ ਕਾਵਿ ਟੁਕੜੀ ਦੇ ਭਾਵ ਅਰਥ ਲਿਖੋ।

ੳ) ਕੀ ਪੁੱਛਦਿਉ ਹਾਲ ਫਰੀਕਾਂ ਦਾ
ਸਾਡਾ ਨਦੀਉਂ ਵਿਛੜੇ ਨੀਰਾਂ ਦਾ
ਸਾਡਾ ਹੰਝ ਦੀ ਜੂਨੇ ਆਇਆਂ ਦਾ
ਸਾਡਾ ਦਿਲ ਜਲਿਆਂ ਦਿਲਗੀਰਾਂ ਦਾ।
ਇਹ ਜਾਣਦਿਆਂ ਕੁਝ ਸ਼ੋਖ ਜਹੇ
ਰੰਗਾਂ ਦਾ ਹੀ ਨਾਂ ਤਸਵੀਰਾਂ ਹੈ
ਜਦ ਹੱਟ ਗਏ ਅਸੀਂ ਇਸ਼ਕੇ ਦੀ
ਮੁੱਲ ਕਰ ਬੈਠੇ ਤਸਵੀਰਾਂ ਦਾ ।

ਅ) ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਾਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ੲ) ਦੁੱਧ ਚਿੱਟੀਆਂ ਰੰਗਦਾਰ ਮਰਮਰਾਂ
ਦੇ ਗਲ ਘਤ ਕੇ ਬਾਹੀ,
ਸੁਹਲ ਪਤਲੀਆਂ ਚੰਨ ਦੀਆਂ ਰਿਸਮਾਂ,
ਸੁੱਤੀਆਂ ਬੇਪਰਵਾਹੀ।
ਬਿਰਛਾਂ ਬੂਟਿਆਂ ਦੇ ਪਰਛਾਵੇਂ,
ਨਸ਼ਿਆਂ ਨਾਲ ਗੜੂੰਦੇ,
ਘਾਹ ਤੇ ਸੁਹਲ ਸੀਨਿਆਂ ਉੱਤੇ,
ਸਵਾਦ ਸਵਾਦ ਦਹੋ ਉਂਘੇ।

ਅੰਕ=5

ਭਾਗ-ਅ

3. ਕਿਸੇ ਦਸ ( 10 ) ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ।

ਬਮਾਰ, ਪੁਲਸ, ਮੇਹਰ, ਸਿਖਆ, ਮੇਹਨਤ, ਤਾਂਗ, ਸਿੰਗ, ਕਰਣ, ਸਵਰਣ, ਦੁੱਦ, ਸਬ, ਗੋਬੀ, ਦਫਤਰ, ਅਸਤਫਾ, ਜੇਭ, ਕਲਜ,ਕਰਸੀ,

ਅੰਕ=10

4. ਹੇਠ ਦਿੱਤੇ ਵਾਕਾਂ ਵਿਚ ਵਿਸ਼ਰਾਮ ਚਿੰਨ੍ਹ ਲਗਾਉ।

ੳ) ਬੱਲੇ ਬੱਲੇ ਅਸੀਂ ਮੈਚ ਜਿੱਤ ਗਏ

ਅ) ਉਹ ਸਕੂਲ ਆਇਆ ਹੈ

ੲ) ਮੈਂ ਪਟਿਆਲੇ ਜਾਵਾਂਗਾ

ਸ) ਅੱਛਾ ਉਹ ਪਾਸ ਹੋ ਗਿਆ

ਹ) ਕੀ ਉਹ ਫੁੱਟਵਾਲ ਖੇਡਦਾ ਹੈ

ਅੰਕ=2×5=10

5. ਕਿਸੇ ਇਕ ਵਿਸ਼ੇ ਉੱਪਰ ਪੈਰ੍ਹਾ ਰਚਨਾ ਲਿਖੋ।

ਅਜੋਕਾ ਵਿਦਿਆਰਥੀ ਜੀਵਨ, ਮੋਬਾਇਲ ਫੋਨ, ਸ਼ੋਸਲ ਮੀਡੀਆ

ਅੰਕ=10

ਭਾਗ- ੲ

6. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਕਰੋ।

1. 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਵਾਲਾ ਸ਼ਬਦ ਕਿਸ ਸੰਸਥਾ ਨੇ ਆਪਣੀ ਧੁਨੀ ਵਜੋਂ ਅਪਣਾਇਆ ਹੈ?
2. ਚੋਜ ਦੇ ਕੀ ਅਰਥ ਹਨ?
3. ਸੂਫੀ ਕੌਣ ਹੁੰਦੇ ਹਨ?
4. ਵਾਰਸ਼ ਸ਼ਾਹ ਦੀ ਹੀਰ ਕਿਹੜੇ ਛੰਦ ਵਿਚ ਹੈ?
5. ਵਾਰਸ਼ ਸ਼ਾਹ ਦਾ ਸਮਾਂ ਕਿਹੜਾ ਸੀ,
6. ਵੰਝਲੀ ਕਿਸਨੂੰ ਆਖਦੇ ਹਨ।
7. ਸ਼ਾਹ ਮੁਹੰਮਦ ਨੇ ਆਪਣੇ ਕਿਸੇ ਵਿਚ ਸਰਕਾਰ ਕਿਸਨੂੰ ਆਖਿਆ ਹੈ?
8. ਸ਼ਾਮ ਸਿੰਘ ਅਟਾਰੀ ਵਾਲਾ ਕੌਣ ਸੀ?
9. ਲੁੱਡਣ ਮਲਾਹ ਕੌਣ ਸੀ?
10. ਅੰਮ੍ਰਿਤਾ ਪ੍ਰੀਤਮ ਕਿਉਂ ਪੁਕਾਰ ਦੀ ਹੈ,
11. ਪੰਜਾਬੀ ਵਿਚ ਬਿਰਹੋਂ ਦਾ ਕਵੀ ਕਿਸਨੂੰ ਆਖਿਆ ਜਾਂਦਾ ਹੈ?
12. ਸੁਰਜੀਤ ਪਾਤਰ ਦੀਆਂ ਦੋ ਪੁਸਤਕਾਂ ਦੇ ਨਾਂ ਲਿਖੋ।
13. ਅਸੀਂ ਲੜਾਂਗੇ ਸਾਥੀ ਕਿਸ ਦੀ ਰਚਨਾ ਹੈ?
14. ਜੱਟ ਦੁਨੀਆਂ ਨੂੰ ਕੀ ਕੁੱਝ ਦਿੰਦੇ ਹਨ?
15. ਪ੍ਰੋ: ਮੋਹਨ ਸਿੰਘ ਕਿਸ ਕਾਵਿ ਧਾਰਾ ਦਾ ਕਵੀ ਹੈ?

ਅੰਕ=15×2=30

8481/NH